**TODAY'S HUKAMNAMA FROM SRI DARBAR SAHIB**
**Sri Amritsar.**

**[June 27, 2013, Thursday 04:30 AM. IST]**

ਸੁਹੀ ਮਹਲਾ ੫ ॥

ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ ਪਏ ਤੇਰੀ ਸਰਣਾਈ ॥ ਤੇਰਾ ਮਾਣੁ ਤਾਣੁ ਰਿਦ ਅੰਤਰਿ ਹੋਰ ਦੂਜੀ ਆਸ ਚੁਕਾਈ ॥੧॥ ਮੇਰੇ ਰਾਮ ਰਾਇ ਤੁਧੁ ਚਿਤਿ ਆਇਐ ਉਬਰੇ ॥ ਤੇਰੀ ਟੇਕ ਭਰਵਾਸਾ ਤੁਮ੍ਹ੍ਹਰਾ ਜਪਿ ਨਾਮੁ ਤੁਮ੍ਹ੍ਹਾਰਾ ਉਧਰੇ ॥੧॥ ਰਹਾਉ ॥ ਅੰਧ ਕੂਪ ਤੇ ਕਾਢਿ ਲੀਏ ਤੁਮ੍ਹ੍ਹ ਆਪਿ ਭਏ ਕਿਰਪਾਲਾ ॥ ਸਾਰਿ ਸਮ੍ਹ੍ਹਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ ॥੨॥ ਆਪਣੀ ਨਦਰਿ ਕਰੇ ਪਰਮੇਸਰੁ ਬੰਧਨ ਕਾਟਿ ਛਡਾਏ ॥ ਆਪਣੀ ਭਗਤਿ ਪ੍ਰਭਿ ਆਪਿ ਕਰਾਈ ਆਪੇ ਸੇਵਾ ਲਾਏ ॥੩॥ ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ ॥ ਨਾਨਕ ਦਇਆ ਕਰੀ ਸੁਖਦਾਤੈ ਭੇਟਿਆ ਸਤਿਗੁਰੁ ਪੂਰਾ ॥੪॥੫॥੫੨॥

ਪ੍ਰਭੂ ਦਾ ਸਿਮਰਨ ਜਦੋਂ ਮਨ-ਅੰਤਰ ਵਿਚ ਵਸ ਜਾਂਦਾ ਹੈ ਤਾਂ ਮਨ ਵਿਚ ਵਿਕਾਰਾਂ (ਕਾਮ,ਕ੍ਰੋਧ,ਤ੍ਰਿਸ਼ਨਾ ਆਦਿਕ) ਦੀ ਜਲਨ ਬੁੱਝ ਜਾਂਦੀ ਹੈ ਅਤੇ ਆਤਮਿਕ ਗੁਣਾ (ਸਤ,ਸੰਤੋਖ,ਧੀਰਜ ਆਦਿਕ) ਦੇ ਗੁਣਾ ਦਾ ਬਲ ਪ੍ਰਾਪਤ ਹੋ ਜਾਂਦਾ ਹੈ ।ਫ਼ਿਰ ਜਿਸਤਰ੍ਹਾਂ ਵਾਹਿਗੁਰੂ ਨਾਲ ਸਿੱਧਾ ਸੰਬੰਧ ਜੁੜ ਜਾਂਦਾ ਹੈ ਤੇ ਸੰਸਾਰ ਸਾਰੇ ਦੁਖਾਂ ਕਲੇਸ਼ਾਂ ਕਸ਼ਟਾ ਵਹਿਮਾਂ ਭਰਮਾਂ ਦੇ ਹਨੇਰੇ ਖੂਹ ਵਿਚੋਂ ਹੱਥ ਦੇਕੇ ਕੱਢ ਲੈਂਦਾ ਹੈ ।ਇਸ ਸਾਰੀ ਬਖ਼ਸ਼ਿਸ਼ ਸਤਿਗੁਰਾਂ ਦੀ ਸ਼ਰਣ ਲੈਣ ਨਾਲ ਪ੍ਰਾਪਤ ਹੁੰਦੀ ਹੈ ।